# ਹਿੰਦੁਸਤਾਨੀ ਸਰਕਾਰ ਵਲੋਂ ਲੋਕਾਂ ਖ਼ਿਲਾਫ਼ ਜੰਗ ਹੋਰ ਤੇਜ਼ ਕਰਨ ਦਾ ਐਲਾਨ

ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਆਪਣੇ ਮੰਤਰੀ-ਮੰਡਲ ਦੇ ਮੈਂਬਰਾਂ ਅਤੇ ਕਈ ਮੁੱਖ ਮੰਤਰੀਆਂ ਨਾਲ ਮੁਲਾਕਾਤ ਕਰਨ ਬਾਅਦ ਐਲਾਨ ਕੀਤਾ ਹੈ ਕਿ ਛੱਤੀਸਗੜ੍ਹ ਅਤੇ ਹੋਰਨਾਂ ਇਲਾਕਿਆਂ ਵਿਚ ਕਬਾਇਲੀ ਲੋਕਾਂ ਦੇ ਘੋਲ ਨੂੰ ਕੁਚਲਣ ਲਈ ਫੌਜ, ਨੀਮ ਫੌਜ ਅਤੇ ਪੁਲੀਸ ਦੇ ਹੋਰ ਦਸਤੇ ਭੇਜੇ ਜਾਣਗੇ। ਇਸ ਕੰਮ ਵਿਚ ਹਵਾਈ ਫੌਜ ਦੀ ਵੀ ਮਦਦ ਲਈ ਜਾਵੇਗੀ। ਇਸ ਲਈ ਫੌਜ ਨੇ ਯੂ.ਐਨ.ਓ. ਤੋਂ ਆਪਣੇ ਹੈਲੀਕਾਪਟਰ ਵਾਪਿਸ ਮੰਗਾਉਣ ਦੀ ਮੰਗ ਕੀਤੀ ਹੈ।

ਇਸ ਵੇਲੇ ਹਿੰਦੁਸਤਾਨ ਦੇ 275 ਜ਼ਿਲ੍ਹਿਆਂ ਵਿਚ ਕਬਾਇਲੀ ਅਤੇ ਹੋਰ ਦਬੇ ਕੁਚਲੇ ਲੋਕ ਆਪਣੇ ਜਲ, ਜੰਗਲ, ਜ਼ਮੀਨ ਅਤੇ ਇੱਜ਼ਤਾਂ ਦੀ ਰਾਖੀ ਲਈ ਹਥਿਆਰਬੰਦ ਘੋਲ ਚਲਾ ਰਹੇ ਹਨ। ਇਹ ਲੋਕ ਮਜਬੂਰ ਹੋ ਕੇ ਹੀ ਹਥਿਆਰਬੰਦ ਘੋਲ ਤੇ ਉਤਰੇ ਹਨ। ਪਿਛਲੇ 63 ਸਾਲਾਂ ਵਿਚ ਬਹੁਤ ਸਾਰੇ ਕਬਾਇਲੀ ਲੋਕਾਂ ਦੇ ਜੰਗਲਾਂ, ਪਾਣੀਆਂ, ਅਤੇ ਜ਼ਮੀਨਾਂ ਨੂੰ ਹਿੰਦੁਸਤਾਨੀ ਸਰਕਾਰ ਨੇ ਦੇਸੀ ਅਤੇ ਵਿਦੇਸ਼ੀ ਵੱਡੀਆਂ ਕੰਪਨੀਆਂ ਦੇ ਹਵਾਲੇ ਕਰ ਦਿੱਤਾ ਹੈ ਅਤੇ ਕਬਾਇਲੀ ਲੋਕਾਂ ਨੂੰ ਉਨ੍ਹਾਂ ਦੇ ਕਦੀਮੀ ਜੰਗਲਾਂ ਅਤੇ ਇਲਾਕਿਆਂ ਚੋਂ ਕੱਢ ਕੇ ਬੇਘਰ ਕਰ ਦਿਤਾ ਹੈ। ਇਕ ਜਾਇਜ਼ੇ ਮੁਤਾਬਿਕ 1947 ਦੇ ਬਾਅਦ ਹੁਣ ਤੱਕ ਇਨ੍ਹਾਂ ਜੰਗਲੀ ਇਲਾਕਿਆਂ ਦੇ 3 ਕਰੋੜ ਤੋਂ ਵੀ ਜ਼ਿਆਦਾ ਲੋਕਾਂ ਨੂੰ ਸਰਕਾਰ ਨੇ ਉਜਾੜ ਦਿੱਤਾ ਹੈ। ਮਜਬੂਰ ਹੋ ਕੇ ਲੋਕ ਹਥਿਆਰਬੰਦ ਜੱਦੋ-ਜਹਿਦ ਦੇ ਰਾਹ ਪਏ ਹਨ ਤੇ ਹੁਣ ਇਨ੍ਹਾਂ ਇਲਾਕਿਆਂ ਵਿਚ ਲੋਕਾਂ ਨੇ ਸਰਕਾਰੀ ਅਦਾਰੇ ਖ਼ਤਮ ਕਰਕੇ ਖ਼ੁਦ ਆਪਣੇ ਅਦਾਰੇ ਕਾਇਮ ਕਰ ਲਏ ਹਨ। ਉਨ੍ਹਾਂ ਨੇ ਆਪਣੀ ਜਨਤਾ ਸਰਕਾਰ ਬਣਾ ਲਈ ਹੈ ਅਤੇ ਆਪਣੇ ਮਸਲੇ ਆਪ ਹੱਲ ਕਰਨ ਲੱਗ ਪਏ ਹਨ। ਹਿੰਦੁਸਤਾਨੀ ਸਰਕਾਰ ਦੇ ਅਫਸਰਾਂ ਨੂੰ ਇਨ੍ਹਾਂ ਇਲਾਕਿਆਂ ਵਿਚ ਵੜਨ ਦੀ ਇਜਾਜ਼ਤ ਨਹੀਂ ਅਤੇ ਉਹ ਇਨ੍ਹਾਂ ਇਲਾਕਿਆਂ ਵਿਚ ਜਾਣ ਤੋਂ ਹੁਣ ਡਰਦੇ ਹਨ।

ਇਥੇ ਲੋਕਾਂ ਨੇ ਆਪਣੇ ਸਕੂਲ, ਹਸਪਤਾਲ, ਕਚਹਿਰੀਆਂ ਅਤੇ ਹੋਰ ਲੋੜੀਂਦਾ ਸੇਵਾਵਾਂ ਦਾ ਬੰਦੋਬਸਤ ਵੀ ਆਪ ਕਰ ਲਿਆ ਹੈ। ਹਿੰਦੁਸਤਾਨੀ ਸਰਕਾਰ ਸਕੂਲਾਂ ਦੀਆਂ ਇਮਾਰਤਾਂ ਅਤੇ ਸੜਕਾਂ ਨੂੰ ਆਪਣੇ ਫੌਜੀ ਅੱਡੇ ਬਣਾਉਣ ਲਈ ਵਰਤਦੀ ਹੈ ਇਸ ਲਈ ਲੋਕਾਂ ਨੇ ਇਨ੍ਹਾਂ ਅਦਾਰਿਆਂ ਨੂੰ ਖ਼ਤਮ ਕਰਕੇ ਆਪਣੇ ਸਾਰੇ ਅਦਾਰੇ ਨਵੇਂ ਸਿਰੇ ਤੋਂ ਬਣਾਉਣਾ ਸ਼ੁਰੂ ਕਰ ਲਿਆ ਹੈ। ਜਨਤਕ ਸਰਕਾਰ ਦੀ ਅਗਵਾਈ ਵਿਚ ਲੋਕ ਹੁਣ ਇਨ੍ਹਾਂ ਇਲਾਕਿਆਂ ਵਿਚ ਜੰਗਲ, ਜ਼ਮੀਨ ਅਤੇ ਜਲ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵਰਤ ਰਹੇ ਹਨ। ਇਨ੍ਹਾਂ ਇਲਾਕਿਆਂ ਦੀ ਜ਼ਮੀਨ ਹੇਠ ਬਹੁਤ ਹੀ ਜ਼ਿਆਦਾ ਤਾਦਾਦ ਵਿਚ ਖਣਿਜ ਪਦਾਰਥ ਦੱਬੇ ਪਏ ਹਨ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਵੱਡੀਆਂ ਦੇਸੀ ਤੇ ਵਿਦੇਸ਼ੀ ਕੰਪਨੀਆਂ ਦੀ ਲਾਲਚੀ ਨਜ਼ਰ ਇਸ ਕੁਦਰਤੀ ਦੌਲਤ ਨੂੰ ਹੜੱਪਣ ਲਈ ਟਿਕੀ ਹੋਈ ਹੈ ਤੇ ਉਹ ਨਹੀਂ ਚਾਹੁੰਦੇ ਕਿ ਇਸ ਕੰਮ ਵਿਚ ਕੋਈ ਦੇਰ ਜਾਂ ਅੜਿੱਕਾ ਪਵੇ। ਲੋਕਾਂ ਦੇ ਜੱਦੋ-ਜਹਿਦ ਕਰਨ ਅਤੇ ਆਪਣਾ ਰਾਜ ਆਪ ਚਲਾਉਣ ਦੇ ਰਾਹ ਪੈਣ ਕਰਕੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਬਹੁਤ ਹੀ ਗੁੱਸੇ ਤੇ ਰੋਹ ਵਿਚ ਹਨ। ਉਨ੍ਹਾਂ ਨੂੰ ਅਰਬਾਂ ਖਰਬਾਂ ਦੀ ਦੌਲਤ ਆਪਣੇ ਹੱਥੋਂ ਖੁੱਸਦੀ ਦਿਖ ਰਹੀ ਹੈ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਵਿਚ ਸਿਰਫ਼ ਬੌਕਸਾਈਟ ਹੀ ਤਕਰੀਬਨ ਤਿੰਨ ਟ੍ਰਿਲੀਅਨ ਡਾਲਰ ਦਾ ਹੈ। ਹਾਕਮ ਜਮਾਤਾਂ ਪਿੱਟ ਰਹੀਆਂ ਹਨ ਕਿ ਇਹ ਕਬਾਇਲੀ ਲੋਕ ਇਸ ਦੌਲਤ ਦੀ ਕਦਰ ਨਹੀਂ ਜਾਣਦੇ ਅਤੇ ਇਹ ਸਾਰੀ ਦੌਲਤ ਐਵੇਂ ਜ਼ਾਇਆ ਹੋ ਰਹੀ ਹੈ।

ਹਿੰਦੁਸਤਾਨੀ ਸਰਕਾਰ ਦਾ ਦਾਅਵੇ ਕਰਦੀ ਹੈ ਕਿ ਉਹ ਇਨ੍ਹਾਂ ਕਬਾਇਲੀ ਇਲਾਕਿਆਂ ਨੂੰ ਡਿਵੈਲਪ ਕਰਨ ਲਈ ਹੀ ਇਹ ਸਭ ਕੁਝ ਕਰ ਰਹੀ ਹੈ। ਪਰ ਹੋਰਨਾਂ ਲੋਕਾਂ ਵਾਂਗ ਕਬਾਇਲੀ ਲੋਕਾਂ ਨੂੰ ਪਿਛਲੇ 63 ਸਾਲਾਂ ਦੀ ਇਸ ਡਿਵੈਲਪਮੈਂਟ ਦਾ ਪੂਰਾ ਗਿਆਨ ਹੈ। ਲੋਕ ਜਾਣਦੇ ਹਨ ਕਿ ਸਰਕਾਰੀ ਡੀਵੈਲਪਮੈਂਟ ਦੇ ਇਸ ਮਾਡਲ ਨੇ ਇਨ੍ਹਾਂ 63 ਸਾਲਾਂ ਵਿਚ ਲੋਕਾਂ ਦੇ ਸਾਰੇ ਵਸੀਲੇ ਅਮੀਰਾਂ ਦੇ ਹਵਾਲੇ ਕਰ ਦਿਤੇ ਹਨ ਅਤੇ ਲੋਕਾਂ ਨੂੰ ਹਰ ਤਰੀਕੇ ਨਾਲ ਬੇਪੱਤ ਕੀਤਾ ਗਿਆ ਹੈ।

ਹਿੰਦੁਸਤਾਨੀ ਸਰਕਾਰ ਦੇ ਡਿਵੈਲਪਮੈਂਟ ਦੇ ਇਸ ਮਾਡਲ ਨੂੰ ਰੱਦ ਕਰਕੇ ਲੋਕ ਹੁਣ ਆਪਣੇ ਵਸੀਲੇ ਆਪਣੇ ਹੱਥ ਲੈ ਰਹੇ ਹਨ ਤੇ ਆਪਣੀ ਕਿਸਮਤ ਦਾ ਫੈਸਲਾ ਆਪ ਕਰਨ ਲੱਗ ਪਏ ਹਨ। ਹਾਕਮ ਜਮਾਤਾਂ ਅਤੇ ਉਨ੍ਹਾਂ ਦੀ ਸਰਕਾਰ ਇਹ ਗੱਲ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੇ ਕਿ ਲੋਕ ਆਪਣੀ ਮਨਮਰਜ਼ੀ ਕਰਨ ਲੱਗ ਪੈਣ। ਆਪਣੀ ਮਰਜ਼ੀ ਨੂੰ ਲੋਕਾਂ ਉਤੇ ਠੋਸਣ ਲਈ ਹੀ ਹੁਣ ਉਨ੍ਹਾਂ ਨੇ ਇਨ੍ਹਾਂ ਇਲਾਕਿਆਂ ਵਿਚ ਜਬਰ ਅਤੇ ਤਸ਼ੱਦਦ ਦਾ ਚੱਕਰ ਤੇਜ਼ ਕਰ ਦਿੱਤਾ ਹੈ ਤੇ ਥਾਂ ਥਾਂ ਤੇ ਲੋਕਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਮਨਮੋਹਨ ਸਿੰਘ ਨੇ ਐਲਾਨ ਕੀਤਾ ਹੈ ਕਿ ਸਰਕਾਰ ਦੀ ਹੁਕਮ ਅਦੂਲੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਇਨ੍ਹਾਂ ਇਲਾਕਿਆਂ ਵਿਚ ਸਰਕਾਰ ਹੁਕਮ ਹਰ ਕੀਮਤ ਤੇ ਮਨਵਾਇਆ ਜਾਵੇਗਾ। ਲੋਕਾਂ ਉੱਤੇ ਸਰਕਾਰ ਦੇ ਇਸ ਹਮਲੇ ਵਿਚ ਅਮਰੀਕਨ ਸਾਮਰਾਜ ਵੀ ਸ਼ਾਮਿਲ ਹੈ। ਅਮਰੀਕਨ ਅਤੇ ਇਸਰਾਈਲੀ ਮਾਹਰ ਹਿੰਦੁਸਤਾਨੀ ਸਰਕਾਰ ਅਤੇ ਫੌਜ ਨੂੰ ਸਲਾਹਾਂ ਦੇ ਰਹੇ ਹਨ।

ਪਰ ਲੋਕ ਆਪਣੀ ਜਾਨ, ਆਨ ਅਤੇ ਵਸੀਲਿਆਂ ਦੀ ਰਾਖੀ ਦੀ ਲੜਾਈ ਲੜਨ ਲਈ ਫੈਸਲਾ ਕਰ ਚੁਕੇ ਹਨ। ਬੇਇੱਜ਼ਤੀ ਦੀ ਜ਼ਿੰਦਗੀ ਹੁਣ ਲੋਕਾਂ ਨੂੰ ਬਿਲਕੁਲ ਮੰਜ਼ੂਰ ਨਹੀਂ। ਉਹ ਆਪਣੇ ਘੋਲ ਹੋਰ ਵੀ ਤੇਜ਼ ਕਰ ਰਹੇ ਹਨ ਤੇ ਸਰਕਾਰੀ ਦਹਿਸ਼ਤ ਦੀ ਇਟ ਦਾ ਜਵਾਬ ਪੱਥਰ ਨਾਲ ਦੇ ਰਹੇ ਹਨ।